# ਜਾਣਕਾਰੀ ਬੁਲੇਟਿਨ

ਤੁਰੰਤ ਜਾਰੀ ਕਰਨ ਹਿਤ
23 ਨਵੰਬਰ, 2022

ਮਿਊਂਨਿਸੀਪਲ ਮਾਮਲਿਆਂ ਦਾ ਮੰਤਰਾਲਾ

## ਬੀ.ਸੀ. ਵੱਲੋਂ ਅੰਤਰਰਾਸ਼ਟਰੀ ਯੋਗਤਾ ਨੂੰ ਆਕਰਸ਼ਿਤ ਕਰਨ ਲਈ ਖੇਤਰੀ ਕਾਰੋਬਾਰ ਮਾਲਕਾਂ ਨੂੰ ਸਹਿਯੋਗ

ਵਿਕਟੋਰੀਆ – ਹੁਨਰਮੰਦ ਪ੍ਰਵਾਸੀਆਂ ਨੂੰ ਮੈਟਰੋ ਵੈਨਕੂਵਰ ਰੀਜਨਲ ਡਿਸਟ੍ਰਿਕਟ ਤੋਂ ਬਾਹਰ ਦੇ ਭਾਈਚਾਰਿਆਂ ਵਿੱਚ ਵਸਾਉਣ ਲਈ ਕੀਤੇ ਨਵੇਂ ਵਸੀਲੇ, ਬੀ.ਸੀ. ਭਰ ਵਿੱਚ ਕਾਰੋਬਾਰ ਮਾਲਕਾਂ ਨੂੰ ਅੰਤਰਰਾਸ਼ਟਰੀ ਯੋਗਤਾਵਾਂ ਦੇ ਕਾਰਜਬਲ ਤੱਕ ਪਹੁੰਚਣ ਵਿੱਚ ਮਦਦ ਕਰਨਗੇ।

16 ਨਵੰਬਰ, 2022 ਤੋਂ, ਬੀ.ਸੀ. ਦੇ ਪ੍ਰੋਵਿੰਸ਼ੀਅਲ ਨੌਮੀਨੇਸ਼ਨ ਪ੍ਰੋਗਰਾਮ (BC PNP) ਦੇ ਮਤਿਹਤ ਸਕਿੱਲਜ਼ ਇਮੀਗ੍ਰੇਸ਼ਨ ਸਟ੍ਰੀਮ ਦੇ ਉਹਨਾਂ ਉਮੀਦਵਾਰਾਂ ਨੂੰ ਜਿਨ੍ਹਾਂ ਨੂੰ ਮੈਟਰੋ ਵੈਨਕੂਵਰ ਤੋਂ ਬਾਹਰ ਯੋਗਤਾ ਪ੍ਰਾਪਤ ਨੌਕਰੀ ਦੀ ਪੇਸ਼ਕਸ਼ ਕੀਤੀ ਗਈ ਹੈ, ਜਾਂ ਜਿਨ੍ਹਾਂ ਨੇ ਘੱਟੋ-ਘੱਟ ਇੱਕ ਸਾਲ ਮੈਟਰੋ ਵੈਨਕੂਵਰ ਤੋਂ ਬਾਹਰ ਕੰਮ ਕੀਤਾ ਹੈ, ਜਾਂ ਜਿਨ੍ਹਾਂ ਨੇ ਹਾਲ ਹੀ ਵਿੱਚ ਮੈਟਰੋ ਵੈਨਕੂਵਰ ਤੋਂ ਬਾਹਰ ਇੱਕ ਪੋਸਟ-ਸੈਕੰਡਰੀ ਸੰਸਥਾ ਤੋਂ ਗ੍ਰੈਜੂਏਟ ਕੀਤਾ ਹੈ; ਇਸ ਪ੍ਰੋਗਰਾਮ ਤੱਕ ਪਹੁੰਚ ਪ੍ਰਾਪਤ ਕਰਨ ਵਿੱਚ ਪਹਿਲ ਮਿਲੇਗੀ।

ਇਤਿਹਾਸਕ ਤੌਰ 'ਤੇ, ਪ੍ਰਵਾਸੀ ਪ੍ਰਮੁੱਖ ਸ਼ਹਿਰੀ ਕੇਂਦਰਾਂ ਵੱਲ ਆਕਰਸ਼ਿਤ ਹੁੰਦੇ ਹਨ। ਪ੍ਰੋਗਰਾਮ ਵਿੱਚ ਤਬਦੀਲੀਆਂ ਉਹਨਾਂ ਅੰਤਰਰਾਸ਼ਟਰੀ ਕਾਮਿਆਂ ਅਤੇ ਗ੍ਰੈਜੂਏਟਾਂ ਲਈ ਇੱਕ ਇਮੀਗ੍ਰੇਸ਼ਨ ਮਾਰਗ ਬਣਾਉਣਗੀਆਂ ਜਿਨ੍ਹਾਂ ਕੋਲ ਸੂਬੇ ਦੀਆਂ ਖੇਤਰੀ ਲੋੜਾਂ ਨੂੰ ਪੂਰਾ ਕਰਨ ਲਈ ਉੱਚ-ਤਰਜੀਹ ਵਾਲੇ ਖੇਤਰਾਂ ਲਈ ਲੋੜੀਂਦੀਆਂ ਯੋਗਤਾਵਾਂ ਹਨ।

ਇਹ ਬਦਲਾਅ ਮਾਰਚ 2022 ਵਿੱਚ BC PNP ਪ੍ਰੋਗਰਾਮ ਵਿੱਚ ਕੀਤੀਆਂ ਗਈਆਂ ਤਬਦਲੀਆਂ 'ਤੇ ਅਧਾਰਿਤ ਹੈਲਥ ਕੇਅਰ ਵਰਕਰਾਂ ਅਤੇ ਅਰਲੀ ਚਾਈਲਡਹੁੱਡ ਐਜੁਕੇਟਰਾਂ ਨੂੰ ਪਹਿਲ ਦੇਣ ਲਈ ਕੀਤੇ ਗਏ ਹਨ। ਇਹਨਾਂ ਬਦਲਾਵਾਂ ਦੇ ਨਤੀਜੇ ਵਜੋਂ ਪਿਛਲੇ ਸਾਲ ਵਿੱਚ ਹੈਲਥ ਅਥਾਰਟੀ ਸਟ੍ਰੀਮ ਲਈ ਨੌਮੀਨੇਸ਼ਨ ਵਿੱਚ ਅਨੁਮਾਨਿਤ 66% ਵਾਧਾ (180 ਲੋਕ); ਹੈਲਥ ਅਥਾਰਟੀਆਂ ਦੇ ਬਾਹਰ ਹੈਲਥ ਕੇਅਰ ਵਿੱਚ ਕੰਮ ਕਰਨ ਵਾਲੇ ਉਮੀਦਵਾਰਾਂ ਦੀ ਗਿਣਤੀ ਵਿੱਚ 224% ਵਾਧਾ (140 ਲੋਕ); ਅਤੇ ਅਰਲੀ ਚਾਈਲਡਹੁੱਡ ਐਜੁਕੇਟਰ ਉਮੀਦਵਾਰਾਂ ਵਿੱਚ 575% (277 ਲੋਕ) ਵਾਧਾ ਹੋਇਆ।

ਪ੍ਰੋਵਿੰਸ਼ੀਅਲ ਕੰਟਰੋਲ ਦੇ ਅਧੀਨ ਇੱਕਮਾਤਰ ਇਮੀਗ੍ਰੇਸ਼ਨ ਪ੍ਰੋਗਰਾਮ ਹੋਣ ਦੇ ਨਾਤੇ, BC PNP ਸੂਬੇ ਨੂੰ ਸਿੱਧੇ ਤੌਰ 'ਤੇ ਯੋਗ ਸੰਭਾਵੀ ਪ੍ਰਵਾਸੀਆਂ ਦੀ ਚੋਣ ਕਰਨ ਅਤੇ ਉਹਨਾਂ ਨੂੰ ਉਹਨਾਂ ਦੇ ਪਰਿਵਾਰਾਂ ਸਮੇਤ ਸਥਾਈ ਨਿਵਾਸ (permanent residency) ਲਈ ਨੌਮੀਨੇਟ ਕਰਨ ਦੇ ਯੋਗ ਬਣਾਉਂਦਾ ਹੈ।

**ਸੰਪਰਕ :**

ਐਰਨ ਹਿੰਕਸ
ਪਬਲਿਕ ਅਫ਼ੇਅਰਜ਼ ਅਫ਼ਸਰ
ਮਿਊਂਨਿਸੀਪਲ ਮਾਮਲਿਆਂ ਦਾ ਮੰਤਰਾਲਾ
604 209-2058